بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

**Mob:** +919682536974, **E-Mail:** ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਫ਼ਤਹਿ ਮੱਕਾ ਦੇ ਬਾਅਦ ਕੁੱਝ ਸਿਰਿੱਯਾਵਾਂ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ੍-ਮਸੀਹਿਲ੍ ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍ ਰਿਹਿਲ੍ ਅਜ਼ੀਜ਼, 15 ਅਗਸਤ 2025 ਈ:, ਮਸਜਿਦ ਮੁਬਾਰਕ, ਇਸਲਾਮ ਆਬਾਦ, ਟਿਲਫੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍ ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਿਛਲੇ ਜੁਮਏ ਮੈਂ ਤਿੰਨ ਵੱਡੇ ਬੁੱਤਾਂ ਨੂੰ ਢਾਹੁਣ ਦੇ ਬਾਰੇ ਦੱਸਿਆ ਸੀ। ਇਸ ਦੀ ਹੋਰ ਤਫ਼ਸੀਲ ਇੰਝ ਬਿਆਨ ਹੋਈ ਹੈ ਕਿ ਇੱਕ **ਸਿਰਿੱਯਾ** ਹਜ਼ਰਤ ਸਾਅਦ ਬਿਨ ਜ਼ੈਦ ਅਸ਼ਹਲੀ ਰਜ਼ਿ ਅੱਲਾਹੁ ਅਨਹੁ ਦਾ ਸੀ, ਜਿਹੜਾ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ 24 ਰਮਜ਼ਾਨ, 08 ਹਿਜਰੀ ਨੂੰ **ਮੁਨਾਤ** ਬੁੱਤ ਨੂੰ ਢਾਹੁਣ ਲਈ ਭੇਜਿਆ ਸੀ। ਉਸ ਨੂੰ **ਲਾਲ ਸਮੁੰਦਰ** ਦੇ ਸਾਹਿਲ 'ਤੇ ਕ਼ਦੀਰ ਦੇ ਕ਼ਰੀਬ **ਮੁਸ਼ੱਲਲ** ਦੇ ਮਕ਼ਾਮ 'ਤੇ ਲਾਇਆ ਹੋਇਆ ਸੀ। ਇਸੇ ਵਜ੍ਹਾ ਨਾਲ ਇਸ ਨੂੰ ਸਿਰਿੱਯਾ ਮੁਸ਼ੱਲਲ ਵੀ ਕਿਹਾ ਜਾਂਦਾ ਹੈ। ਹਜ਼ਰਤ ਸਾਅਦ ਬਿਨ ਜ਼ੈਦ ਅਸ਼ਹਲੀ ਰਜ਼ਿ ਅੱਲਾਹੁ ਅਨਹੁ ਜਦੋਂ ਉੱਥੇ ਪਹੁੰਚੇ ਤਾਂ ਉੱਥੇ ਇੱਕ **ਮੁਜਾਵਿਰ** ਵੀ ਸੀ। ਮੁਜਾਵਿਰ ਨੇ ਆਪ ਰਜ਼ਿ ਅੱਲਾਹੁ ਅਨਹੁ ਕੋਲੋਂ ਪੁੱਛਿਆ ਕਿ ਤੁਸੀਂ ਕੀ ਚਾਹੁੰਦੇ ਹੋ? ਉਨ੍ਹਾਂ ਨੇ ਕਿਹਾ ਕਿ **ਮੁਨਾਤ** ਨੂੰ ਢਾਹੁਣਾ ਹੈ। ਉਸ ਨੇ ਕਿਹਾ ਕਿ ਇਹ ਨਾ ਮੁਮਕਿਨ ਹੈ ਕਿ ਇਹ ਕੰਮ ਤੁਹਾਡੇ ਕੋਲੋਂ ਹੋ ਸਕੇ। ਆਪ ਰਜ਼ਿ ਅੱਲਾਹੁ ਅਨਹੁ ਉਸ ਬੁੱਤ ਵੱਲ ਵਧੇ। ਰਾਵੀ ਨੇ ਬਿਆਨ ਕੀਤਾ ਹੈ, ਪਤਾ ਨਹੀਂ ਹਕ਼ੀਕ਼ਤ ਹੈ ਜਾਂ ਕਈ ਵਾਰ ਰੰਗ ਦੇਣ ਦੇ ਲਈ ਬਿਆਨ ਕਰ ਦਿੰਦੇ ਹਨ, ਕਿ ਉਸ ਵੇਲੇ ਇੱਕ **ਨੰਗੀ**, ਕਾਲੇ ਰੰਗ ਦੀ ਅਤੇ **ਖਿੱਲਰੇ** ਵਾਲਾਂ ਵਾਲੀ **ਔਰਤ** ਕਮਰੇ 'ਚੋਂ ਬਾਹਰ ਨਿਕਲੀ ਅਤੇ ਮੁਜਾਵਿਰ ਨੇ ਆਪਣੇ ਬੁੱਤ ਨੂੰ ਕਿਹਾ ਕਿ **ਐ ਮੁਨਾਤ**! ਆਪਣਾ **ਗ਼ਜ਼ਬ** ਭੇਜ। ਹਜ਼ਰਤ ਸਾਅਦ ਬਿਨ ਜ਼ੈਦ ਅਸ਼ਹਲੀ ਰਜ਼ਿ ਅੱਲਾਹੁ ਅਨਹੁ ਨੇ ਉਸ **ਮੁਜਾਵਿਰ** ਨੂੰ ਕ਼ਤਲ ਕਰ ਦਿੱਤਾ। ਹਜ਼ੂਰ ਅਨਵਰ ਨੇ ਸਪਸ਼ਟ ਕੀਤਾ ਕਿ ਜੇਕਰ ਇਹ **ਕ਼ਤਲ** ਦੀ ਰਿਵਾਇਤ ਸਹੀ ਹੈ ਤਾਂ ਮੁਮਕਿਨ ਹੈ ਕਿ **ਮੁਜਾਵਿਰ** ਨੇ ਮੁਕ਼ਾਬਲੇ ਦੀ **ਕੋਸ਼ਿਸ਼** ਕੀਤੀ ਹੋਵੇ ਅਤੇ ਮੁਕ਼ਾਬਲੇ ਵਿੱਚ ਮਾਰਿਆ ਗਿਆ ਹੋਵੇ। ਸਿਰਫ਼ ਬਦਦੁਆ ਦੇਣ 'ਤੇ ਕ਼ਤਲ ਕਰਨਾ, ਇਹ ਤਾਂ ਇਸਲਾਮੀ ਤਾਅਲੀਮ ਹੀ ਨਹੀਂ ਹੈ, ਸਹੀ ਵੀ ਨਹੀਂ ਲੱਗਦਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀਆਂ ਅਮੂਮੀ ਹਿਦਾਇਤਾਂ ਦੇ ਵੀ ਖ਼ਿਲਾਫ਼ ਹੈ।

ਸਿਰਿੱਯਾ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ **ਨਖ਼ਲਾ** ਵੱਲ, ਨਬੀ ਅਕਰਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ 25 ਰਮਜ਼ਾਨ, 08 ਹਿਜਰੀ ਬਮੁਤਾਬਿਕ਼ ਜਨਵਰੀ 629 ਈ: ਵਿੱਚ ਕੁਰੈਸ਼ ਦੇ ਉੱਘੇ ਬੁੱਤ **ਉੱਜ਼ਾ** ਨੂੰ ਢਾਹੁਣ ਦੀ ਖ਼ਾਤਿਰ ਰਵਾਨਾ ਕੀਤਾ। ਇਬਨਿ ਇਸਹਾਕ਼ ਕਹਿੰਦੇ ਹਨ ਕਿ ਜਦ **ਉੱਜ਼ਾ** ਦੇ ਮੁਜਾਵਿਰ ਨੂੰ ਹਜ਼ਰਤ ਖ਼ਾਲਿਦ ਰਜ਼ਿ ਅੱਲਾਹੁ ਅਨਹੁ ਦੀ **ਆਮਦ** ਦਾ ਇਲਮ ਹੋਇਆ ਤਾਂ ਬੁੱਤ ਉੱਤੇ ਤਲਵਾਰ ਲਮਕਾ ਕੇ ਖ਼ੁਦ ਪਹਾੜ 'ਤੇ ਚੜ੍ਹ ਗਿਆ ਅਤੇ ਇਹ **ਸ਼ਿਅਰ** ਪੜ੍ਹਨ ਲੱਗਾ ਕਿ **ਐ ਉੱਜ਼ਾ**! ਖ਼ਾਲਿਦ 'ਤੇ ਅਜਿਹਾ ਸ਼ਦੀਦ ਹਮਲਾ ਕਰ, ਜੋ ਕੁੱਝ ਵੀ ਬਾਕ਼ੀ ਨਾ ਰਹੇ। ਜੰਗੀ ਨਕ਼ਾਬ ਪਹਿਨ ਅਤੇ ਆਸਤੀਨ ਚੜ੍ਹਾ। **ਐ ਉੱਜ਼ਾ**! ਜੇਕਰ ਤੂੰ ਇਸ ਸ਼ਖ਼ਸ ਖ਼ਾਲਿਦ ਨੂੰ **ਕ਼ਤਲ** ਨਾ ਵੀ ਕਰੇਂ, ਤਾਂ ਉਸ ਨੂੰ ਛੇਤੀ ਪ੍ਰਗਟ ਹੋਣ ਵਾਲੇ ਗੁਨਾਹ ਦਾ ਮੁਸਤਹਿਕ਼ ਬਣਾ ਜਾਂ ਇਸ ਤੋਂ ਇਸ ਦਾ **ਇੰਨਤਿਕ਼ਾਮ** ਲੈ। ਹਜ਼ਰਤ ਖ਼ਾਲਿਦ

ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੇ **ਨਖ਼ਲਾ** ਪਹੁੰਚਦੇ ਹੀ ਕਿੱਕਰ ਦੇ ਦਰਖ਼ਤਾਂ ਨੂੰ ਕੱਟਿਆ ਅਤੇ ਉਸ ਘਰ ਨੂੰ **ਢਾਹ** ਦਿੱਤਾ ਜਿਸ ਵਿੱਚ ਉਸਦਾ ਬੁੱਤ ਸੀ। ਫਿਰ ਵਾਪਿਸ ਮੱਕੇ ਆ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਰਿਪੋਰਟ ਪੇਸ਼ ਕੀਤੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਕੀ ਤੂੰ ਉੱਥੇ ਕੋਈ ਖ਼ਾਸ ਚੀਜ਼ ਦੇਖੀ ਸੀ। ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੇ ਨਾ ਵਿੱਚ ਜਵਾਬ ਦਿੱਤਾ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਫਿਰ ਤਾਂ ਤੂੰ **ਉੱਜ਼ਾ** ਨੂੰ ਖ਼ਤਮ ਨਹੀਂ ਕੀਤਾ, ਵਾਪਿਸ ਜਾ ਅਤੇ ਉਸ ਦਾ **ਕ਼ਲ੍ਹਾ ਕ਼ਮ੍ਹਾ** ਕਰਕੇ ਆ। ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ **ਹੁਕਮ ਦੀ ਤਾਅਮੀਲ** ਦੇ ਲਈ ਫ਼ੌਰਨ ਪਲਟੇ, ਜਦ ਨਿਗਰਾਨਾਂ ਨੇ ਦੁਬਾਰਾ ਆਪ ਰਜ਼ਿ ਅੱਲਾਹੁ ਅਨਹੁ ਨੂੰ ਦੇਖਿਆ ਤਾਂ ਉਹ ਪਹਾੜ 'ਤੇ ਚੜ੍ਹ ਗਏ। ਉਹ ਕਹਿ ਰਹੇ ਸਨ ਕਿ **ਐ ਉੱਜ਼ਾ**! ਇਨ੍ਹਾਂ ਨੂੰ ਹਲਾਕ ਕਰਦੇ। ਇਸ ਬੁੱਤਖ਼ਾਨੇ ਵਿੱਚ ਇੱਕ **ਖਿੱਲਰੇ** ਵਾਲ਼ਾਂ ਵਾਲ਼ੀ, **ਕਾਲ਼ੇ** ਰੰਗ ਵਾਲ਼ੀ ਔਰਤ ਨਿਕਲ਼ੀ। ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਉਸ ਵੇਲ਼ੇ ਇਹ **ਸ਼ਿਅਰ** ਪੜ੍ਹ ਰਹੇ ਸਨ ਕਿ **ਐ ਉੱਜ਼ਾ**! ਮੈਂ ਤੇਰਾ **ਇਨਕਾਰ** ਕਰਦਾ ਹਾਂ, ਤੇਰੀ **ਪਾਕੀਜ਼ਗੀ** ਬਿਆਨ ਨਹੀਂ ਕਰਦਾ। ਮੈਂ ਦੇਖਿਆ ਹੈ ਕਿ ਅੱਲਾਹ ਨੇ ਤੈਨੂੰ **ਰੁਸਵਾ** ਕਰ ਦਿੱਤਾ ਹੈ। ਉਸ ਦੇ ਬਾਅਦ ਆਪ ਰਜ਼ਿ ਅੱਲਾਹੁ ਅਨਹੁ ਨੇ ਵਾਪਿਸ ਪਹੁੰਚ ਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਇਹ **ਵਾਕ਼ਿਆ** ਪੇਸ਼ ਕੀਤਾ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਹਾਂ! ਇਹ ਉਹ **ਉੱਜ਼ਾ** ਹੈ, ਉਹ **ਮਾਯੂਸ** ਹੋ ਗਈ ਹੈ ਕਿ ਤੁਹਾਡੇ ਸ਼ਹਿਰਾਂ ਵਿੱਚ ਉਸਦੀ ਹੁਣ ਕੋਈ ਵੀ **ਪਰਸਤਿਸ਼** ਨਾ ਹੋਵੇਗੀ।

ਫਿਰ ਸਿਰਿੱਯਾ ਹਜ਼ਰਤ ਅਮ੍ਰ ਬਿਨ ਆਸ ਰਜ਼ਿ ਅੱਲਾਹੁ ਅਨਹੁ **ਸੁਵਾਅ** ਦੇ ਵੱਲ, ਇਸ ਦਾ ਜ਼ਿਕਰ ਹੈ, ਇਹ ਵੀ ਰਮਜ਼ਾਨ, 08 ਹਿਜਰੀ ਵਿੱਚ ਹੋਇਆ। **ਉੱਜ਼ਾ** ਬੁੱਤ ਦੇ ਢਾਹੁਣ ਦੀ ਮੁਹਿੰਮ ਦੇ ਨਾਲ਼ ਹੀ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਮ੍ਰ ਬਿਨ ਆਸ ਰਜ਼ਿ ਅੱਲਾਹੁ ਅਨਹੁ ਨੂੰ **ਸੁਵਾਅ** ਬੁੱਤ ਦੇ **ਕ਼ਲ੍ਹਾ ਕ਼ਮ੍ਹਾ** ਦੀ ਖ਼ਾਤਿਰ ਭਿਜਵਾਇਆ। ਇਸ ਬੁੱਤ ਦੀ ਸ਼ਕਲ ਇੱਕ **ਔਰਤ** ਵਰਗੀ ਸੀ। ਕ਼ੁਰਆਨ ਕਰੀਮ ਵਿੱਚ ਕੁੱਝ ਬੁੱਤਾਂ ਦਾ ਨਾਮ ਲੈ ਕੇ ਜ਼ਿਕਰ ਕੀਤਾ ਗਿਆ ਹੈ, ਇਸ ਵਿੱਚ ਇਸ ਬੁੱਤ ਦਾ ਵੀ ਜ਼ਿਕਰ ਹੈ। ਚੁਨਾਂਚਿ ਸੂਰਤ ਨੂਹ ਵਿੱਚ ਆਉਂਦਾ ਹੈ ਕਿ ਉਨ੍ਹਾਂ ਨੇ ਕਿਹਾ ਹਰਗਿਜ਼ ਆਪਣੇ **ਮਾਅਬੂਦਾਂ** ਨੂੰ ਨਾ ਛੱਡੋ, ਅਤੇ ਨਾ **ਵੱਦ** ਨੂੰ ਛੱਡੋ, ਅਤੇ ਨਾ **ਸੁਵਾਅ** ਨੂੰ, ਅਤੇ ਨਾ ਹੀ **ਯਗ਼ੂਸ** ਨੂੰ, ਅਤੇ ਨਾ **ਯਊਕ਼** ਨੂੰ, ਅਤੇ **ਨਸ੍ਰ** ਨੂੰ। ਦਰਅਸਲ ਇਹ ਸਭ ਉਨ੍ਹਾਂ ਕੁੱਝ **ਨੇਕ** ਲੋਕਾਂ ਦੇ ਨਾਮ ਹਨ ਜਿਹੜੇ ਹਜ਼ਰਤ ਨੂਹ ਅਲੈਹਿੱਸ੍ ਸਲਾਮ ਦੀ ਕ਼ੌਮ ਵਿੱਚੋਂ ਸਨ। ਜਦ ਉਹ ਮਰ ਗਏ ਤਾਂ **ਸ਼ੈਤਾਨ** ਨੇ ਉਨ੍ਹਾਂ ਦੀ ਕ਼ੌਮ ਦੇ ਦਿਲ ਵਿੱਚ ਇਹ ਪਾਇਆ ਕਿ ਇਨ੍ਹਾਂ ਜਗ੍ਹਾਵਾਂ ਵਿੱਚ, ਜਿੱਥੇ ਉਹ ਬੈਠਿਆ ਕਰਦੇ ਸਨ, ਬੁੱਤ ਖੜੇ ਕਰ ਦਿਓ। ਅਤੇ ਉਨ੍ਹਾਂ ਦੇ ਨਾਵਾਂ 'ਤੇ ਇਨ੍ਹਾਂ ਦੇ ਨਾਮ ਰੱਖੋ। ਚੁਨਾਂਚਿ ਉਨ੍ਹਾਂ ਨੇ ਅਜਿਹਾ ਹੀ ਕੀਤਾ ਅਤੇ ਉਨ੍ਹਾਂ ਨੂੰ ਪੂਜਿਆ ਜਾਂਦਾ ਸੀ।

ਹਜ਼ਰਤ ਅਮ੍ਰ ਬਿਨ ਆਸ ਰਜ਼ਿ ਅੱਲਾਹੁ ਅਨਹੁ ਜਦ **ਰਹਾਤ** ਦੇ ਮੁਕ਼ਾਮ 'ਤੇ **ਸੁਵਾਅ** ਦੇ ਕੋਲ਼ ਪਹੁੰਚੇ ਤਾਂ ਉੱਥੇ ਆਪ ਰਜ਼ਿ ਅੱਲਾਹੁ ਅਨਹੁ ਨੂੰ ਉਸ ਦਾ ਮੁਜਾਵਿਰ ਮਿਲਿਆ। ਆਪ ਰਜ਼ਿ ਅੱਲਾਹੁ ਅਨਹੁ ਨੇ ਉਸਨੂੰ ਕਿਹਾ ਕਿ ਉਹ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਹੁਕਮ ਨਾਲ਼ ਇਸ **ਬੁੱਤ** ਨੂੰ ਤੋੜਨ ਲਈ ਆਏ ਹਨ। ਉਸਨੇ ਜਵਾਬ ਦਿੱਤਾ ਕਿ ਤੁਸੀਂ ਇਸ ਨੂੰ ਤੋੜਨ 'ਤੇ **ਹਰਗਿਜ਼** ਕ਼ਾਦਿਰ ਨਹੀਂ ਹੋ ਸਕੋਗੇ। ਆਪ ਰਜ਼ਿ ਅੱਲਾਹੁ ਅਨਹੁ ਨੇ **ਵਜ੍ਹਾ** ਪੁੱਛੀ ਤਾਂ ਉਸਨੇ ਜਵਾਬ ਦਿੱਤਾ ਕਿ ਤੁਸੀਂ ਬਹਰ ਹਾਲ ਰੋਕ ਦਿੱਤੇ ਜਾਓਗੇ। ਆਪ ਰਜ਼ਿ ਅੱਲਾਹੁ ਅਨਹੁ ਨੇ ਕਿਹਾ ਕਿ ਤੇਰੇ 'ਤੇ **ਅਫ਼ਸੋਸ**! ਕੀ ਇਹ ਸੁਣ ਸਕਦਾ ਹੈ ਅਤੇ ਦੇਖ ਸਕਦਾ ਹੈ? ਫਿਰ ਆਪ ਰਜ਼ਿ ਅੱਲਾਹੁ ਅਨਹੁ ਨੇ ਅੱਗੇ ਵਧ ਕੇ ਉਸ ਨੂੰ ਤੋੜ ਦਿੱਤਾ ਅਤੇ ਆਪਣੇ ਸਾਥੀਆਂ ਨੂੰ ਕਿਹਾ ਕਿ ਉਹ ਉਸ **ਕੋਠੜੀ** ਨੂੰ ਵੀ ਢਾਹ ਦੇਣ ਜਿਹੜੀ ਉਸਦੇ ਨਾਲ਼ ਬਣੀ ਹੋਈ ਸੀ, ਉਨ੍ਹਾਂ ਨੇ ਉਸ ਨੂੰ ਢਾਹ ਦਿੱਤਾ। ਫਿਰ ਆਪ ਰਜ਼ਿ ਅੱਲਾਹੁ ਅਨਹੁ ਨੇ ਉਸ **ਮੁਜਾਵਿਰ** ਕੋਲ਼ੋਂ ਪੁੱਛਿਆ ਕਿ ਹੁਣ ਦੱਸ। ਉਸਨੇ ਆਪਣੇ **ਮਾਅਬੂਦ** ਦਾ ਇਹ ਹਾਲ ਦੇਖਿਆ ਤਾਂ ਫ਼ੌਰਨ ਬੋਲ ਉੱਠਿਆ ਕਿ ਮੈਂ ਅੱਲਾਹ ਦੀ **ਅਤਾਅਤ** ਕਰਦਾ ਹਾਂ ਅਤੇ ਇਸਲਾਮ ਕ਼ਬੂਲ ਕਰਦਾ ਹਾਂ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਹਵਾਲੇ ਨਾਲ਼ ਵੀ ਇਸ ਗੱਲ ਦੀ ਤਸਦੀਕ਼ ਹੁੰਦੀ ਹੈ ਕਿ ਪਹਿਲਾਂ ਜਿਹੜੇ ਮੁਜਾਵਿਰ ਨੂੰ ਜਾਂ ਕਿਸੇ ਨੂੰ **ਕ਼ਤਲ** ਕਰਨ ਦਾ ਕ਼ਿੱਸਾ ਬਿਆਨ ਹੋਇਆ ਹੈ, ਉਹ **ਫ਼ਿਕਰ** ਕਰਨ ਯੋਗ ਹੈ।

ਸਿਰਿੱਯਾ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਬਨੂ ਖ਼ਜ਼ੀਮਾ ਵੱਲ, ਇਹ ਵੀ ਸ਼ੱਵਾਲ, 08 ਹਿਜਰੀ ਦਾ ਹੈ। ਫ਼ਤਹਿ ਮੱਕਾ ਦੇ ਬਾਅਦ ਜਦ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ **ਉੱਜ਼ਾ** ਬੁੱਤ ਨੂੰ ਢਾਹ

ਕੇ ਵਾਪਿਸ ਤਸ਼ਰੀਫ਼ ਲਿਆਏ ਤਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਨੂੰ ਬਨੂ ਖ਼ਜ਼ੀਮਾ ਦੇ ਵੱਲ ਭੇਜਿਆ, ਜਿਹੜਾ ਮੱਕੇ ਦੇ **ਯਲਮਲਮ** ਵੱਲ ਆਬਾਦ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੂੰ ਫ਼ਰਮਾਇਆ ਕਿ ਇਸ ਕ਼ਬੀਲੇ ਨੂੰ ਇਸਲਾਮ ਦੀ **ਦਾਅਵਤ** ਦਿਓ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਵੀ ਫ਼ਰਮਾਇਆ ਕਿ ਉਨ੍ਹਾਂ ਨਾਲ਼ **ਜੰਗ** ਨਹੀਂ ਕਰਨੀ। ਇਬਨਿ ਸਾਅਦ ਨੇ ਬਿਆਨ ਕੀਤਾ ਹੈ ਕਿ ਜਦ ਖ਼ਾਲਿਦ ਉਨ੍ਹਾਂ ਦੇ ਕੋਲ਼ ਪਹੁੰਚੇ ਤਾਂ ਆਪ ਰਜ਼ਿ ਅੱਲਾਹੁ ਅਨਹੁ ਨੇ ਲੋਕਾਂ ਕੋਲੋਂ ਪੁੱਛਿਆ ਕਿ ਤੁਸੀਂ ਕਿਸ ਦੀਨ 'ਤੇ ਹੋ? ਉਨ੍ਹਾਂ ਨੇ ਜਵਾਬ ਦਿੱਤਾ ਕਿ ਅਸੀਂ **ਮੁਸਲਮਾਨ** ਹਾਂ। ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੇ ਪੁੱਛਿਆ ਕਿ ਫਿਰ ਤੁਸੀਂ **ਹਥਿਆਰ** ਕਿਉਂ ਚੁੱਕੇ ਹੋਏ ਹਨ? ਉਨ੍ਹਾਂ ਕਿਹਾ ਕਿ ਸਾਡੇ ਅਤੇ ਅਰਬ ਦੇ ਇੱਕ ਕ਼ਬੀਲੇ ਦੇ ਦਰਮਿਆਨ **ਦੁਸ਼ਮਣੀ** ਚੱਲੀ ਆ ਰਹੀ ਹੈ, ਸਾਨੂੰ ਇਹ **ਅੰਦੇਸ਼ਾ** ਹੋਇਆ ਕਿ ਉਹੀ ਦੁਸ਼ਮਣ ਕ਼ੌਮ ਹੈ, ਇਸ ਲਈ **ਹਥਿਆਰ** ਚੁੱਕ ਲਏ। ਰਿਵਾਇਤਾਂ ਤੋਂ ਪਤਾ ਲੱਗਦਾ ਹੈ ਕਿ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਉਨ੍ਹਾਂ ਦੇ ਵੱਲੋਂ **ਮੁਤਮਇਨ** ਨਹੀਂ ਸਨ। ਇਸ ਲਈ ਆਪ ਰਜ਼ਿ ਅੱਲਾਹੁ ਅਨਹੁ ਨੇ ਇੱਕ ਰਾਤ ਦੇ ਆਖ਼ਰੀ ਪਹਿਰ ਵਿੱਚ ਇਹ **ਫ਼ਤਵਾ** ਦੇ ਦਿੱਤਾ ਕਿ ਇਨ੍ਹਾਂ **ਕ਼ੈਦੀਆਂ** ਨੂੰ **ਕ਼ਤਲ** ਕਰਨਾ ਹੀ **ਮੁਨਾਸਿਬ** ਲੱਗਦਾ ਹੈ। ਇਸ 'ਤੇ ਕੁੱਝ ਮੁਸਲਮਾਨਾਂ ਨੇ ਆਪਣੇ ਕ਼ੈਦੀਆਂ ਨੂੰ ਕ਼ਤਲ ਕਰ ਦਿੱਤਾ। ਪਰ **ਮੁਹਾਜਿਰਾਂ** ਅਤੇ **ਅਨਸਾਰਾਂ** ਦੇ ਗਿਰੋਹ ਨੇ, ਜਿਹੜੇ ਪੁਰਾਣੇ ਮੁਸਲਮਾਨ ਸਨ, ਉਨ੍ਹਾਂ ਨੇ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਦੀ ਇਸ ਰਾਏ ਨਾਲ਼ **ਇੱਤਿਫ਼ਾਕ਼** ਨਹੀਂ ਕੀਤਾ ਅਤੇ ਆਪਣੇ ਕ਼ੈਦੀਆਂ ਨੂੰ ਕ਼ਤਲ ਨਹੀਂ ਕੀਤਾ। ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਸ ਸਾਰੇ ਵਾਕ਼ੇ ਦਾ ਇਲਮ ਹੋਇਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਬਹੁਤ **ਦੁੱਖ** ਹੋਇਆ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੈਂ ਖ਼ਾਲਿਦ ਨੂੰ ਉਨ੍ਹਾਂ ਨੂੰ ਕ਼ਤਲ ਕਰਨ ਦਾ ਹੁਕਮ ਨਹੀਂ ਦਿੱਤਾ ਸੀ, ਮੈਂ ਤਾਂ ਸਿਰਫ਼ ਉਨ੍ਹਾਂ ਨੂੰ ਇਸਲਾਮ ਦੇ ਵੱਲ **ਦਾਅਵਤ** ਦੇਣ ਦਾ ਕਿਹਾ ਸੀ ਅਤੇ ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਆਪਣੇ ਦੋਹੇਂ ਹੱਥ ਉਠਾਏ ਅਤੇ ਦੋ ਵਾਰ ਖ਼ੁਦਾ ਦੇ ਹਜ਼ੂਰ ਅਰਜ਼ ਕੀਤਾ ਕਿ ਐ ਅੱਲਾਹ! ਖ਼ਾਲਿਦ ਨੇ ਜੋ ਕੁੱਝ ਕੀਤਾ ਹੈ, ਮੈਂ ਤੇਰੇ ਹਜ਼ੂਰ ਇਸ ਤੋਂ **ਬੇਜ਼ਾਰੀ** ਦਾ **ਇਜ਼ਹਾਰ** ਕਰਦਾ ਹਾਂ।

ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੂੰ **ਮਕ਼ਤੂਲਾਂ** ਨੂੰ **ਮੁਆਵਜ਼ਾ** ਅਦਾ ਕਰਨ ਅਤੇ ਸਾਰੇ **ਮੁਆਮਲੇ** ਦੀ **ਤਹਿਕ਼ੀਕ਼** ਕਰਨ ਦੇ ਲਈ ਭੇਜਿਆ। ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੇ ਉੱਥੇ ਜਾ ਕੇ ਸਾਰੇ **ਮਕ਼ਤੂਲਾਂ** ਦੇ ਵਾਰਿਸਾਂ ਨੂੰ **ਮੁਆਵਜ਼ਾ** ਅਦਾ ਕੀਤਾ ਅਤੇ ਉਨ੍ਹਾਂ ਦਾ ਜਿਹੜਾ ਮਾਲ ਮੁਸਲਮਾਨਾਂ ਨੇ ਲਿਆ ਸੀ, ਉਹ ਸਭ ਉਨ੍ਹਾਂ ਨੂੰ ਵਾਪਿਸ ਦਿੱਤਾ, ਇਥੋਂ ਤੱਕ ਕਿ ਲੱਕੜੀ ਦਾ ਉਹ ਭਾਂਡਾ ਵੀ ਵਾਪਿਸ ਕੀਤਾ ਜਿਸ ਵਿੱਚ **ਕੁੱਤਾ** ਪਾਣੀ ਪੀਂਦਾ ਸੀ। ਸਭ ਨੂੰ **ਮੁਆਵਜ਼ਾ** ਵਗ਼ੈਰਾ ਦੀ ਰਕ਼ਮ ਦੇਣ ਦੇ ਬਾਅਦ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਦੇ ਕੋਲ਼ ਕੁੱਝ ਮਾਲ ਬਚ ਗਿਆ ਤਾਂ ਆਪ ਰਜ਼ਿ ਅੱਲਾਹੁ ਅਨਹੁ ਨੇ ਬਚਿਆ ਹੋਇਆ ਮਾਲ ਵੀ ਉਨ੍ਹਾਂ ਲੋਕਾਂ ਨੂੰ ਦੇ ਦਿੱਤਾ ਅਤੇ ਕਿਹਾ ਕਿ ਮੈਂ ਇਹ ਮਾਲ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਵੱਲੋਂ ਬਤੌਰ **ਇਹਤਿਆਤ** ਦੇ ਦੇ ਰਿਹਾ ਹਾਂ ਤਾਂ ਜੋ ਉਸ ਮੁਮਕਿਨਾ ਨੁਕ਼ਸਾਨ ਦੀ ਵੀ ਅਦਾਇਗੀ ਹੋ ਜਾਵੇ ਜਿਸ ਨੂੰ ਨਾ ਅੱਲਾਹ ਦਾ ਰਸੂਲ ਜਾਣਦਾ ਹੈ ਅਤੇ ਨਾ ਤੁਸੀਂ ਜਾਣਦੇ ਹੋ। ਇਸ 'ਤੇ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਬਹੁਤ ਖ਼ੁਸ਼ ਹੋਏ ਅਤੇ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੂੰ ਫ਼ਰਮਾਇਆ ਕਿ ਤੂੰ ਬਿਲਕੁਲ ਠੀਕ ਕੀਤਾ ਅਤੇ ਬਹੁਤ ਚੰਗਾ ਕੀਤਾ। ਇਸ ਵਾਕ਼ੇ ਤੋਂ ਪਹਿਲਾਂ ਆਂਹਜ਼ੂਰ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇੱਕ **ਖ਼ਾਬ** ਵੀ ਦੇਖਿਆ ਸੀ ਕਿ ਮੈਂ **ਹੈਸ** (ਖਜੂਰ, ਪਨੀਰ ਅਤੇ ਘਿਓ ਨਾਲ਼ ਬਣਿਆ ਹੋਇਆ ਇੱਕ ਖਾਣਾ) ਦੀ ਇੱਕ ਬੁਰਕੀ ਲਈ ਤਾਂ ਮੈਨੂੰ ਉਸ ਦਾ ਸਵਾਦ ਚੰਗਾ ਲੱਗਾ ਪਰ ਜਦ ਮੈਂ ਉਸ ਨੂੰ ਨਿਗਲਿਆ ਤਾਂ ਉਸਦਾ ਕੁੱਝ ਹਿੱਸਾ ਮੇਰੇ **ਹਲਕ਼** ਵਿੱਚ ਫਸ ਗਿਆ, ਫਿਰ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੇ ਹੱਥ ਪਾ ਕੇ ਉਸਨੂੰ ਕੱਢਿਆ। ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਨੇ ਇਸ ਦੀ **ਤਾਅਬੀਰ** ਕਰਦੇ ਹੋਏ ਅਰਜ਼ ਕੀਤਾ ਕਿ ਯਾ ਰਸੂਲੁੱਲਾਹ! ਇਹ ਆਪ ਦੇ ਭੇਜੇ ਹੋਏ ਸਿਰਿੱਯਾਵਾਂ ਵਿੱਚੋਂ ਇੱਕ ਸਿਰਿੱਯਾ ਹੈ, ਜਿਸ ਨੂੰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਰਵਾਨਾ ਕਰੋਗੇ, ਇਸ ਦੀਆਂ ਕੁੱਝ ਚੀਜ਼ਾਂ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਪਸੰਦ ਆਉਣਗੀਆਂ ਅਤੇ ਕੁੱਝ **ਕ਼ਾਬਿਲਿ ਐਤਰਾਜ਼** ਹੋਣਗੀਆਂ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੂੰ ਰਵਾਨਾ ਕਰੋਗੇ ਅਤੇ

ਉਹ ਇਸ ਵਿੱਚ **ਆਸਾਨੀ** ਕਰ ਦੇਣਗੇ ਯਾਨੀ ਮੁਆਮਲੇ ਨੂੰ ਦਰੁਸਤ ਕਰ ਦੇਣਗੇ। ਚੁਨਾਂਚਿ ਇਸ ਸਿਰਿੱਯਾ ਦੇ ਵਾਕ਼ਿਆਤ ਨਾਲ਼ ਇਹ **ਖ਼ਾਬ** ਪੂਰਾ ਹੋ ਗਿਆ ।

ਹਜ਼ੂਰ ਅਨਵਰ ਨੇ ਫ਼ਰਮਾਇਆ, **ਬੁਖ਼ਾਰੀ** ਦੀ ਵਿਆਖਿਆ ਹਜ਼ਰਤ ਸੱਯਦ ਜ਼ੈਨੁਲ ਆਬਿਦੀਨ ਵਲੀਉੱਲਾਹ ਸ਼ਾਹ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਵੀ ਲਿਖੀ ਹੈ ਅਤੇ ਆਪ ਰਜ਼ਿ ਅੱਲਾਹੁ ਅਨਹੁ ਨੇ ਬੜਾ ਆਲਿਮਾਨਾ ਨੋਟ ਵੀ ਲਿਖਿਆ ਹੈ ਕਿ ਇਹ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਦੀ ਕੋਈ ਬਦ ਨੀਅਤੀ ਸ਼ਾਮਿਲ ਨਹੀਂ ਸੀ, ਉਨ੍ਹਾਂ ਕੋਲੋਂ ਇੱਕ **ਇਜਤਿਹਾਦੀ ਗ਼ਲਤੀ** ਹੋਈ, ਇਸ ਵਜ੍ਹਾ ਨਾਲ਼ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਹਜ਼ਰਤ ਖ਼ਾਲਿਦ ਨਾਲ਼ **ਨਾਰਾਜ਼** ਵੀ ਹੋਏ ਅਤੇ ਖ਼ੁਦਾ ਦੇ ਹਜ਼ੂਰ ਆਪਣੀ **ਬੇਜ਼ਾਰੀ** ਦਾ ਇਜ਼ਹਾਰ ਵੀ ਕੀਤਾ। ਅਤੇ ਜਦ **ਤਹਿਕ਼ੀਕ਼** ਤੋਂ ਇਹੀ ਸਾਬਿਤ ਹੋਇਆ ਕਿ ਕਿਸੇ **ਗ਼ਲਤ ਫ਼ਹਿਮੀ** ਦੀ ਬਿਨਾ 'ਤੇ ਇਹ ਕ਼ਤਲ ਹੋਏ ਹਨ ਤਾਂ ਹੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਕ਼ਿਸਾਸ** ਦੀ ਬਜਾਏ **ਮੁਆਵਜ਼ਾ** ਦਿੱਤੇ ਜਾਣ ਦਾ ਫ਼ੈਸਲਾ ਕੀਤਾ। ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਦੀ **ਗੁਜ਼ਾਰਿਸ਼** ਅਤੇ **ਮਾਅਜ਼ਰਤ** ਪੇਸ਼ ਕਰਨ ਦੇ ਬਾਅਦ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਨਾ ਸਿਰਫ਼ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੂੰ **ਮੁਆਫ਼** ਫ਼ਰਮਾ ਦਿੱਤਾ ਬਲਕਿ ਕੁੱਝ ਹੀ ਦਿਨਾਂ ਦੇ ਬਾਅਦ **ਗ਼ਜ਼ਵਾ ਹੁਨੈਨ** ਦੇ ਲਈ ਤਿਆਰ ਕੀਤੇ ਜਾਣ ਵਾਲ਼ੇ ਹਰ ਅੱਵਲ ਦਸਤੇ ਅਤੇ ਘੋੜ ਸਵਾਰਾਂ ਦੇ ਦਸਤੇ ਦਾ ਨਿਗਰਾਨ ਅਤੇ ਕਮਾਂਡਰ ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੂੰ ਮੁਕ਼ੱਰਰ ਫ਼ਰਮਾਇਆ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਤੋਂ ਇਲਾਵਾ ਦੋ ਹੋਰ ਸਿਰਿੱਯਾਵਾਂ ਦਾ ਵੀ ਜ਼ਿਕਰ ਮਿਲ਼ਦਾ ਹੈ। ਸਿਰਿੱਯਾ ਯਲਮਲਮ, ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਹੱਸ਼ਾਮ ਬਿਨ ਆਸ ਰਜ਼ਿ ਅੱਲਾਹੁ ਅਨਹੁ ਦੀ ਅਗਵਾਈ ਹੇਠ 200 ਲੋਕਾਂ ਦਾ ਇਹ ਸਿਰਿੱਯਾ ਮੱਕੇ ਦੇ ਦੱਖਣ ਪੂਰਬ ਵਿੱਚ ਸਥਿਤ **ਯਲਮਲਮ** ਵੱਲ ਭੇਜਿਆ। ਸਿਰਿੱਯਾ ਉਰਨਾ, ਇਹ **ਅਰਫ਼ਾਤ** ਦੇ ਸਾਹਮਣੇ ਇੱਕ **ਵਾਦੀ** ਹੈ। ਬਿਆਨ ਕੀਤਾ ਜਾਂਦਾ ਹੈ ਕਿ ਨਵੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਖ਼ਾਲਿਦ ਬਿਨ ਸਈਦ ਬਿਨ ਆਸ ਰਜ਼ਿ ਅੱਲਾਹੁ ਅਨਹੁ ਨੂੰ 300 ਲੋਕਾਂ ਦੀ ਫ਼ੌਜ ਦਾ ਸਰਦਾਰ ਬਣਾ ਕੇ ਇਸ ਵੱਲ ਭੇਜਿਆ ਸੀ। ਇਸ ਸਿਰਿੱਯਾ ਦਾ ਜ਼ਿਕਰ ਮੁਹੰਮਦ ਬਿਨ ਅਮ੍ਰ **ਵਾਕ਼ਦੀ** ਨੇ ਕੀਤਾ ਹੈ, ਇਸ ਦੇ ਇਲਾਵਾ ਕਿਸੇ ਹੋਰ ਉੱਘੇ ਸੀਰਤ ਨਿਗਾਰ ਨੇ ਇਸ ਨੂੰ ਬਿਆਨ ਨਹੀਂ ਕੀਤਾ। ਇਸ ਲਈ ਫ਼ਿਕਰ ਕਰਨ ਯੋਗ ਹੈ ਕਿ ਇਹ ਸਹੀ ਵੀ ਹੈ ਜਾਂ ਨਹੀਂ। ਅਤੇ ਨਾ ਕੋਈ ਹੋਰ ਤਫ਼ਸੀਲ ਇਸ ਦੀ ਮਿਲ਼ਦੀ ਹੈ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਬਹਰ ਹਾਲ ਇਸ ਤੋਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਸੀਰਤ** ਦਾ ਵੀ ਬਖ਼ੂਬੀ ਇਲਮ ਹੁੰਦਾ ਹੈ ਕਿ ਕਿਤੇ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਸਖ਼ਤੀ** ਨਹੀਂ ਕੀਤੀ ਅਤੇ ਇਹ ਇਲਜ਼ਾਮ ਵੀ, ਜਿਹੜਾ ਇਸਲਾਮ ਦੇ ਦੁਸ਼ਮਣ ਲਾਉਂਦੇ ਹਨ, **ਗ਼ਲਤ** ਹੈ ਕਿ ਜੰਗਾਂ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ **ਕ਼ਤਲ** ਕਰਵਾਇਆ। ਜਿੱਥੇ ਗ਼ਲਤੀ ਨਾਲ਼ ਵੀ ਕੁੱਝ ਹੋਇਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬੜੀ **ਨਾਰਾਜ਼ਗੀ** ਦਾ ਇਜ਼ਹਾਰ ਕੀਤਾ ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞